# ਓਨਟੈਰੀਓ ਸਰਕਾਰ ਨੇ, 26 ਦਸੰਬਰ ਤੋਂ ਪੂਰੇ ਸੂਬੇ ਨੂੰ ਬੰਦ ਕਰਨ ਦਾ ਐਲਾਨ ਕੀਤਾ

ਬ੍ਰੈਂਪਟਨ, ਓਨਟੈਰੀਓ (22 ਦਸੰਬਰ, 2020) – ਕੱਲ੍ਹ, ਓਨਟੈਰੀਓ ਸਰਕਾਰ ਨੇ, 26 ਦਸੰਬਰ ਤੋਂ, ਪੂਰੇ ਸੂਬੇ ਨੂੰ ਬੰਦ ਕਰਨ (provincewide shutdown) ਦਾ ਐਲਾਨ ਕੀਤਾ, ਜੋ 23 ਜਨਵਰੀ, 2021 ਤੱਕ, ਰੀਜਨ ਆਫ ਪੀਲ (Region of Peel) ਸਮੇਤ, ਦੱਖਣੀ ਓਨਟੈਰੀਓ (Southern Ontario) ਵਾਸਤੇ ਲਾਗੂ ਰਹੇਗਾ।

ਰੀਜਨ ਆਫ ਪੀਲ ਦੇ ਹਿੱਸੇ ਵਜੋਂ ਬ੍ਰੈਂਪਟਨ, 23 ਨਵੰਬਰ, 2020 ਤੋਂ, ਸੂਬੇ ਦੇ ਗ੍ਰੇ-ਲੌਕਡਾਊਨ ਲੈਵਲ (Grey-Lockdown level) ਵਿੱਚ ਹੈ।

ਸੁਰੱਖਿਆ ਉਪਾਵਾਂ ਅਤੇ ਪਾਬੰਦੀਆਂ ਸ਼ਾਮਲ ਹਨ, ਪਰੰਤੂ ਇਹਨਾਂ ਤੱਕ ਸੀਮਿਤ ਨਹੀਂ ਹਨ:

**ਸੰਗਠਿਤ ਜਨਤਕ ਕਾਰਜਕਰਮ, ਸਮਾਜਿਕ ਇਕੱਠ ਅਤੇ ਧਾਰਮਿਕ ਸੇਵਾਵਾਂ, ਰਸਮਾਂ ਅਤੇ ਸਮਾਰੋਹ**

- ਇੱਕੋ ਘਰ ਦੇ ਮੈਂਬਰਾਂ ਅਤੇ ਜ਼ਰੂਰੀ ਸਹਾਇਕਾਂ ਦੇ ਸਿਵਾਏ, ਕੋਈ ਹੋਰ ਇਨਡੋਰ ਸੰਗਠਿਤ ਜਨਤਕ ਕਾਰਜਕਰਮਾਂ ਜਾਂ ਸਮਾਜਿਕ ਇਕੱਠਾਂ ਦੀ ਇਜਾਜ਼ਤ ਨਹੀਂ ਹੈ। ਬਜ਼ੁਰਗਾਂ  ਸਮੇਤ, ਜੋ ਵਿਅਕਤੀ ਇਕੱਲੇ ਰਹਿੰਦੇ ਹਨ, ਉਹ ਇੱਕ ਹੋਰ ਵਿਅਕਤੀ ਨਾਲ ਨੇੜਲਾ ਸੰਪਰਕ ਰੱਖਣ ਬਾਰੇ ਸੋਚ ਸਕਦੇ ਹਨ;
- ਆਊਟਡੋਰ ਸੰਗਠਿਤ ਜਨਤਕ ਕਾਰਜਕਰਮ ਜਾਂ ਸਮਾਜਿਕ ਇਕੱਠ, ਵੱਧ ਤੋਂ ਵੱਧ 10 ਵਿਅਕਤੀਆਂ ਤੱਕ ਸੀਮਿਤ ਹਨ;
- ਵਿਆਹ ਸਬੰਧੀ ਸੇਵਾਵਾਂ, ਅੰਤਿਮ ਸੰਸਕਾਰ ਸਬੰਧੀ ਸੇਵਾਵਾਂ ਅਤੇ ਧਾਰਮਿਕ ਸੇਵਾਵਾਂ, ਰਸਮਾਂ ਜਾਂ ਸਮਾਰੋਹਾਂ ਵਿੱਚ, ਜਿੱਥੇ ਸਰੀਰਕ ਦੂਰੀ ਰੱਖੀ ਜਾ ਸਕਦੀ ਹੋਵੇ, ਇਨਡੋਰ 10 ਵਿਅਕਤੀ ਜਾਂ ਆਊਟਡੋਰ 10 ਵਿਅਕਤੀ ਤੱਕ ਸ਼ਾਮਲ ਹੋ ਸਕਦੇ ਹਨ।

**ਕਾਰੋਬਾਰ**

- ਗ੍ਰੋਸਰੀਜ ਵੇਚਣ ਵਾਲੇ ਡਿਸਕਾਊਂਟ ਅਤੇ ਬਿਗ ਬੌਕਸ ਰਿਟੇਲਰਸ (ਬਹੁਤ ਵੱਡੇ ਸਟੋਰ, ਜਿੱਥੇ ਸਾਰੀਆਂ ਵਸਤਾਂ ਇੱਕੋ ਥਾਂ ਤੇ ਮਿਲਦੀਆਂ ਹਨ) ਲਈ, ਸਟੋਰ-ਵਿੱਚ ਖਰੀਦਦਾਰੀ, 25 ਪ੍ਰਤੀਸ਼ਤ ਕੈਪੇਸਿਟੀ ਤੱਕ ਸੀਮਿਤ ਹੋਵੇਗੀ। ਸੁਪਰਮਾਰਕੀਟਾਂ, ਗ੍ਰੋਸਰੀ ਸਟੋਰ ਅਤੇ ਇਹੋ-ਜਿਹੇ ਸਟੋਰ, ਜੋ ਮੁੱਖ ਤੌਰ ਤੇ ਭੋਜਨ ਸਬੰਧੀ ਵਸਤਾਂ ਵੇਚਦੇ ਹਨ, ਦੇ ਨਾਲ-ਨਾਲ ਫਾਰਮੈਸੀਜ, ਸਟੋਰ-ਵਿੱਚ ਖਰੀਦਦਾਰੀ ਲਈ, 50 ਪ੍ਰਤੀਸ਼ਤ ਕੈਪੇਸਿਟੀ ਨਾਲ ਚੱਲਣਾ ਜਾਰੀ ਰਹਿਣਗੀਆਂ;
- ਰੈਸਟੋਰੈਂਟ, ਬਾਰਾਂ ਅਤੇ ਖਾਣ-ਪੀਣ ਸਬੰਧੀ ਸੰਸਥਾਨ, ਸਿਰਫ਼ ਟੇਕਆਊਟ, ਡ੍ਰਾਈਵ-ਥ੍ਰੂ ਅਤੇ ਡਿਲੀਵਰੀ ਸੇਵਾਵਾਂ ਪ੍ਰਦਾਨ ਕਰ ਸਕਣਗੇ। ਇਨਡੋਰ ਅਤੇ ਆਊਟਡੋਰ ਡਾਈਨਿੰਗ (ਰੈਸਟੋਰੈਂਟ ਆਦਿ ਦੀ ਅੰਦਰਲੀ ਅਤੇ ਬਾਹਰਲੀ ਥਾਂ ਵਿੱਚ ਖਾਣਾ-ਪੀਣਾ) ਸੇਵਾਵਾਂ ਦੀ ਇਜਾਜ਼ਤ ਨਹੀਂ ਹੈ;
- ਨਿੱਜੀ ਦੇਖਭਾਲ ਸਬੰਧੀ ਸੇਵਾਵਾਂ ਬੰਦ ਰਹਿਣਗੀਆਂ, ਜਿਵੇਂ ਹੇਅਰ ਸੈਲੂਨ, ਨਾਈ ਦੀਆਂ ਦੁਕਾਨਾਂ, ਨੇਲ ਸੈਲੂਨ ਅਤੇ ਟੈਟੂ ਪਾਰਲਰ;
- ਕੈਸੀਨੋ, ਬਿੰਗੋ ਹਾਲਸ ਅਤੇ ਜੂਏ ਸਬੰਧੀ ਹੋਰ ਸੰਸਥਾਨ ਬੰਦ ਰਹਿਣਗੇ;
- ਪੂਲਸ ਸਮੇਤ, ਇਨਡੋਰ ਸਪੋਰਟਸ ਅਤੇ ਰੇਕ੍ਰੀਏਸ਼ਨ ਸਬੰਧੀ ਫੈਸਿਲਿਟੀਜ ਸੀਮਿਤ ਛੋਟਾਂ ਨਾਲ ਬੰਦ ਰਹਿਣਗੀਆਂ।

ਪੂਰੇ ਸੂਬੇ ਦੇ ਬੰਦ ਹੋਣ ਸਬੰਧੀ ਉਪਾਵਾਂ ਬਾਰੇ, ਇੱਥੇ (here) ਹੋਰ ਪੜ੍ਹੋ।

**ਕੋਵਿਡ-19 ਮਹਾਂਮਾਰੀ ਦੇ ਦੌਰਾਨ ਬ੍ਰੈਂਪਟਨ ਵਿੱਚ 2020 ਦਾ ਛੁੱਟੀਆਂ ਦਾ ਸੀਜ਼ਨ**

ਸਿਟੀ ਹਾਲ ਅਤੇ ਕਾਰਪੋਰੇਟ ਫੈਸਿਲਿਟੀਜ

ਆਉਣ ਵਾਲੇ ਛੁੱਟੀਆਂ ਦੇ ਸੀਜਨ ਦੇ ਦੌਰਾਨ, ਵੀਰਵਾਰ, 24 ਦਸੰਬਰ, 2020 ਨੂੰ, ਦੁਪਹਿਰ 12 ਵਜੇ ਤੋਂ ਲੈ ਕੇ, ਸੋਮਵਾਰ, 4 ਜਨਵਰੀ, 2021 ਨੂੰ, ਸਵੇਰੇ 8:30 ਵਜੇ ਤੱਕ, ਸਿਟੀ ਹਾਲ (City Hall) ਸਮੇਤ, ਸਿਟੀ ਆਫ ਬ੍ਰੈਂਪਟਨ ਦੇ ਕਈ ਦਫ਼ਤਰ ਜਨਤਾ ਲਈ ਬੰਦ ਰਹਿਣਗੇ।

ਫਾਇਰ ਐਂਡ ਐਮਰਜੈਂਸੀ ਸਰਵਿਸਿਜ (Fire and Emergency Services), ਟ੍ਰੈਫਿਕ ਸਰਵਿਸਿਜ (Traffic Services), ਬਾਇ-ਲਾਅ ਐਨਫੋਰਸਮੈਂਟ (By-Law Enforcement), ਰੋਡ ਓਪਰੇਸ਼ਨਸ (Road Operations), ਅਤੇ ਸਿਕਿਓਰਿਟੀ ਸਰਵਿਸਿਜ (Security Services) ਸਮੇਤ, ਸਾਰੀਆਂ ਮਹੱਤਵਪੂਰਣ ਸੇਵਾਵਾਂ, ਸਾਡੇ ਭਾਈਚਾਰੇ ਦੀ ਮਦਦ ਲਈ ਪਹਿਲਾਂ ਵਾਂਗ ਹੀ ਜਾਰੀ ਰਹਿਣਗੀਆਂ।

ਸਿਟੀ ਹਾਲ ਅਤੇ ਕਾਰਪੋਰੇਟ ਫੈਸਿਲਿਟੀਜ, ਸਿਰਫ਼ ਮੁਲਾਕਾਤ ਬੁੱਕ ਕਰਨ ਦੁਆਰਾ ਹੀ, ਵਿਅਕਤੀਗਤ ਸੇਵਾਵਾਂ ਵਾਸਤੇ ਖੁੱਲੀਆਂ ਰਹਿਣਗੀਆਂ। ਬਿਨਾਂ ਮੁਲਾਕਾਤ ਬੁੱਕ ਕੀਤੇ ਆਉਣ ਦੀ ਇਜਾਜ਼ਤ ਨਹੀਂ ਹੈ। ਮੁਲਾਕਾਤ ਬੁੱਕ ਕਰਨ ਲਈ, www.brampton.ca/skiptheline ਤੇ ਜਾਓ।

ਸਿਟੀ ਰੇਕ੍ਰੀਏਸ਼ਨ ਸੈਂਟਰ ਅਤੇ ਸਹੂਲਤਾਂ

ਸਿਟੀ ਆਫ ਬ੍ਰੈਂਪਟਨ ਦੀਆਂ ਸਾਰੀਆਂ ਰੇਕ੍ਰੀਏਸ਼ਨ ਫੈਸਿਲਿਟੀਜ, ਜਨਤਾ ਲਈ ਬੰਦ ਰਹਿਣਗੀਆਂ। ਫਿਟ ਅਤੇ ਕਿਰਿਆਸ਼ੀਲ ਰਹਿਣ ਬਾਰੇ, ਔਨਲਾਈਨ ਵੀਡਿਓ ਲਈ, ਇੱਥੇ (here) ਕਲਿੱਕ ਕਰੋ।

ਜੇਕਰ ਮੌਸਮ ਠੀਕ ਰਿਹਾ, ਤਾਂ ਸਿਹਤਮੰਦ, ਸੁਰੱਖਿਅਤ ਅਤੇ ਕਿਰਿਆਸ਼ੀਲ ਰਹਿਣ ਵਿੱਚ ਨਿਵਾਸੀਆਂ ਦੀ ਮਦਦ ਲਈ, ਸਿਟੀ ਆਫ ਬ੍ਰੈਂਪਟਨ ਦੇ ਆਈਸ ਰਿੰਕਸ ਖੁੱਲੇ ਰਹਿਣਗੇ। ਸੰਚਾਲਨ ਦੇ ਘੰਟਿਆਂ ਬਾਰੇ, www.brampton.ca/outdoorskating ਤੇ ਪਤਾ ਕੀਤਾ ਜਾ ਸਕਦਾ ਹੈ।

ਭਾਈਚਾਰੇ ਦੀ ਸਿਹਤ ਅਤੇ ਸੁਰੱਖਿਆ, ਸਿਟੀ ਦੀ ਸਭ ਤੋਂ ਵੱਡੀ ਤਰਜੀਹ ਹੈ, ਖਾਸ ਕਰਕੇ ਕੋਵਿਡ-19 (COVID-19) ਦੇ ਦੌਰਾਨ। ਪੀਲ ਪਬਲਿਕ ਹੈਲਥ (Peel Public Health) ਦੀ ਸਲਾਹ ਮੁਤਾਬਕ, ਰਿੰਕਸ ਵਿੱਚ ਜਾਣ ਲਈ ਰਿਜਰਵੇਸ਼ਨ ਸਿਸਟਮ ਸਥਾਪਤ ਕੀਤਾ ਗਿਆ ਹੈ। ਅਜਿਹਾ ਇਹ ਯਕੀਨੀ ਬਣਾਉਣ ਲਈ ਹੈ ਕਿ ਕੈਪੇਸਿਟੀ ਸ਼ਰਤਾਂ ਦੀ ਪਾਲਣਾ ਕੀਤੀ ਜਾ ਰਹੀ ਹੈ ਅਤੇ ਜਿੱਥੇ ਜ਼ਰੂਰੀ ਹੋਵੇ, ਸੰਪਰਕ ਟ੍ਰੇਸਿੰਗ ਸੰਭਵ ਹੈ।

ਆਉਟਡੋਰ ਪ੍ਰੋਗਰਾਮਿੰਗ ਸਮਾਯੋਜਨਾਂ ਬਾਰੇ ਤਾਜ਼ਾ ਜਾਣਕਾਰੀ, www.brampton.ca/recreation ਤੇ ਦੇਖੀ ਜਾ ਸਕਦੀ ਹੈ।

ਬਾਇ-ਲਾਅ ਐਨਫੋਰਟਮੈਂਟ

ਬ੍ਰੈਂਪਟਨ ਦੇ ਬਾਇ-ਲਾਅ ਐਨਫੋਰਸਮੈਂਟ (By-Law Enforcement) ਦੇ ਅਫ਼ਸਰ, ਛੁੱਟੀਆਂ ਵਿੱਚ ਸੂਬਾਈ ਅਤੇ ਮਿਊਨਿਸਿਪਲ ਬਾਇ-ਲਾਅਜ ਲਾਗੂ ਕਰਨ ਲਈ, ਪੀਲ ਰੀਜਨਲ ਪੁਲਿਸ (Peel Regional Police) ਦੇ ਨਾਲ ਮਿਲ ਕੇ ਕੰਮ ਕਰਨਗੇ। ਨਿਵਾਸੀਆਂ ਨੂੰ ਯਾਦ ਕਰਾਇਆ ਜਾਂਦਾ ਹੈ ਕਿ:

- ਉਹਨਾਂ ਨੂੰ ਸਿਰਫ਼ ਆਪਣੇ ਘਰ ਵਿੱਚ ਰਹਿਣ ਵਾਲੇ ਮੈਂਬਰਾਂ ਦੇ ਨਾਲ ਹੀ ਇਕੱਠੇ ਹੋਣਾ/ਜਸ਼ਨ ਮਨਾਉਣਾ ਚਾਹੀਦਾ ਹੈ। ਜੋ ਲੋਕ ਇਕੱਲੇ ਰਹਿੰਦੇ ਹਨ, ਉਹ ਦੂਜੇ ਘਰ ਦੇ ਮੈਂਬਰਾਂ ਨਾਲ ਇਕੱਠੇ ਹੋਣ ਤੇ ਵਿਚਾਰ ਕਰ ਸਕਦੇ ਹਨ;
- ਉਹਨਾਂ ਲਈ ਦੂਜੇ ਹਰ ਵਿਅਕਤੀ ਤੋਂ 2 ਮੀਟਰ ਦੀ ਸਰੀਰਕ ਦੂਰੀ ਰੱਖਣਾ ਲਾਜ਼ਮੀ ਹੈ;
- ਉਹਨਾਂ ਲਈ ਇਨਡੋਰ ਪਬਲਿਕ ਥਾਵਾਂ ਵਿੱਚ ਹੋਣ ਵੇਲੇ ਚਿਹਰੇ ਨੂੰ ਢਕਣਾ ਲਾਜ਼ਮੀ ਹੈ, ਆਉਟਡੋਰ ਵੀ, ਜੇਕਰ ਸਰੀਰਕ ਦੂਰੀ ਨਾ ਰੱਖੀ ਜਾ ਸਕਦੀ ਹੋਵੇ, ਅਤੇ ਜਿੱਥੇ ਮਾਸਕ ਲਾਜ਼ਮੀ ਹਨ। ਇਹ ਬਾਇ-ਲਾਅ ਕੁਝ ਵਿਅਕਤੀਆਂ ਨੂੰ ਛੋਟ ਦਿੰਦਾ ਹੈ। ਇਹਨਾਂ ਵਿੱਚ ਸ਼ਾਮਲ ਹਨ, ਉਹ ਵਿਅਕਤੀ, ਜੋ ਮੈਡੀਕਲ ਕਾਰਨਾਂ ਕਰਕੇ ਮਾਸਕ ਨਹੀਂ ਪਹਿਨ ਸਕਦੇ ਜਾਂ ਚਿਹਰਾ ਨਹੀਂ ਢਕ ਸਕਦੇ; ਦੋ ਸਾਲ ਤੋਂ ਘੱਟ ਉਮਰ ਦੇ ਬੱਚੇ; ਐਮਰਜੈਂਸੀ ਆਰਡਰਸ (Emergency Orders) ਦੇ ਮੁਤਾਬਕ ਐਥਲੈਟਿਕ ਗਤੀਵਿਧੀ ਵਿੱਚ ਸ਼ਾਮਲ ਵਿਅਕਤੀ। ਹੋਰ ਜਾਣਕਾਰੀ ਲਈ: www.brampton.ca/masks ਤੇ ਜਾਓ।

ਪਾਬੰਦੀਆਂ ਦੀ ਪਾਲਣਾ ਨਾ ਕਰਨ ਵਾਲੇ ਵਿਅਕਤੀਆਂ ਉੱਤੇ ਜੁਰਮਾਨਾ ਲਗਾਇਆ/ਟਿਕਟ ਜਾਰੀ ਕੀਤੀ ਜਾ ਸਕਦੀ ਹੈ। ਰੀਓਪਨਿੰਗ ਓਨਟੈਰੀਓ ਐਕਟ (Reopening Ontario Act) ਅਤੇ ਬਾਇ-ਲਾਅ ਹੇਠ, ਉਲੰਘਣਾ ਲਈ, ਅਪਰਾਧ ਦੇ ਪ੍ਰਕਾਰ ਦੇ ਅਧਾਰ ਤੇ, 500 ਡਾਲਰ ਤੋਂ 100,000 ਡਾਲਰ ਤੱਕ ਦਾ ਜੁਰਮਾਨਾ ਲਗਾਇਆ ਜਾ ਸਕਦਾ ਹੈ।

ਹੋਰ ਜਾਣਕਾਰੀ ਅਤੇ ਸੇਵਾ ਅੱਪਡੇਟਸ ਲਈ, ਨਿਵਾਸੀ ਅਤੇ ਕਾਰੋਬਾਰੀ, 311 ਤੇ ਫੋਨ ਕਰ ਸਕਦੇ ਹਨ, www.311brampton.ca ਤੇ ਜਾ ਸਕਦੇ ਹਨ ਜਾਂ 311 ਮੋਬਾਈਲ ਐਪ ਦੀ ਵਰਤੋਂ ਕਰ ਸਕਦੇ ਹਨ।

**ਲਿੰਕ**

- ਸਿਟੀ ਆਫ ਬ੍ਰੈਂਪਟਨ ਦੇ ਕੋਵਿਡ-19 ਸਬੰਧੀ ਪ੍ਰੋਗਰਾਮਿੰਗ ਅਤੇ ਸੇਵਾ ਅੱਪਡੇਟਸ (City of Brampton COVID-19 programming and service updates)
- ਕੋਵਿਡ-19 ਦੇ ਲੱਛਣ (COVID-19 Symptoms)
- ਬ੍ਰੈਂਪਟਨ ਵਿੱਚ ਟੈਸਟਿੰਗ (Testing in Brampton)
- ਖ਼ੁਦ ਨੂੰ ਆਈਸੋਲੇਟ ਕਿਵੇਂ ਕੀਤਾ ਜਾਵੇ (How to self-isolate)
- ਕੋਵਿਡ-19 ਦੇ ਦੌਰਾਨ ਕਾਰੋਬਾਰਾਂ ਅਤੇ ਕਾਰਜਸਥਾਨਾਂ ਨੂੰ ਸੁਰੱਖਿਅਤ ਰੱਖਣਾ (Keeping businesses and workplaces safe during COVID-19)
- ਪੀਲ ਵਿੱਚ ਕੋਵਿਡ-19 ਦੇ ਕੇਸ (Cases of COVID-19 in Peel)

-30-

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca